**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਸਮੂਹ ਸਕੂਲ ਮੁੱਖੀ, (ਪ੍ਰਾਇਮਰੀ, ਮਿਡਲ,ਹਾਈ,ਸੀਨੀਅਰ ਸੈਕੰਡਰੀ )
ਪੰਜਾਬ।

ਮੀਮੋ ਨੰਬਰ DPISE-SEDUOGENL/7/2021-SECONDARY EDUCATION/2021139216
ਮਿਤੀ: ਸ.ਅ.ਸ.ਨਗਰ, 26/4/2021

ਵਿਸ਼ਾ:- ਸਰਕਾਰੀ ਸਕੂਲਾਂ ਵਿੱਚ ਦਾਖਲੇ ਸਬੰਧੀ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਇਸ ਦਫਤਰ ਦੇ ਪੱਤਰ ਨੰਬਰ DPISE-SEDUOGENL/7/2021-SECONDARY EDUCATION/2021118059 ਮਿਤੀ 1-04-2021 ਦੀ ਲਗਾਤਾਰਤਾ ਵਿੱਚ।

2.0 ਵਿਦਿਆਰਥੀਆਂ ਦੇ ਦਾਖਲਿਆਂ ਸਬੰਧੀ ਵੀ.ਸੀ ਮੀਟਿੰਗ ਰਾਹੀਂ ਕੁਝ ਜਿਲ੍ਹਾ ਸਿਖਿਆ ਅਧਿਕਾਰੀਆਂ/ਸਕੂਲ ਮੁੱਖੀਆਂ ਵੱਲੋਂ ਦੱਸਿਆ ਗਿਆ ਕਿ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਦੇ ਇਛੁੱਕ ਹਨ , ਪਰ ਕੋਵਿਡ-19 ਸਥਿਤੀ ਦੇ ਚਲਦਿਆਂ ਉਹਨਾਂ ਦੇ ਮਾਪਿਆਂ ਵੱਲੋਂ ਫੀਸ ਜਮ੍ਹਾਂ ਨਾ ਕਰਾਉਣ ਕਾਰਣ ਵਿਦਿਆਰਥੀਆਂ ਨੂੰ ਪਿਛਲੀ ਜਮਾਤ ਪਾਸ ਕਰਨ ਸਬੰਧੀ ਸਰਟੀਫਿਕੇਟ ਜਾਰੀ ਨਹੀਂ ਕੀਤੇ ਜਾ ਰਹੇ। ਜਿਸ ਕਾਰਣ ਅਜਿਹੇ ਵਿਦਿਆਰਥੀਆਂ ਦਾ ਸਰਕਾਰੀ ਸਕੂਲਾਂ ਵਿੱਚ ਦਾਖਲਾ ਕਰਨ ਵਿੱਚ ਦਿੱਕਤ ਪੇਸ਼ ਆ ਰਹੀ ਹੈ।

3.0 ਇਸ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਅਜਿਹੇ ਵਿਦਿਆਰਥੀਆਂ ਕੋਲ ਪਾਸ ਸਰਟੀਫਿਕੇਟ ਨਹੀਂ ਹਨ ਤਾਂ ਵਿਦਿਆਰਥੀਆਂ ਦੇ ਮਾਪਿਆਂ ਤੋਂ ਸਵੈ-ਘੋਸ਼ਣਾ ਪੱਤਰ ਲੈ ਲਿਆ ਜਾਵੇ ਕਿ ਵਿਦਿਆਰਥੀ ਨੇ ਪ੍ਰਾਈਵੇਟ ਸਕੂਲ ਵਿੱਚ ਪਿਛਲੀ ਜਮਾਤ ਪਾਸ ਕਰ ਲਈ ਹੈ । ਇਸ ਤੋਂ ਇਲਾਵਾ ਜੇਕਰ ਪ੍ਰਾਈਵੇਟ ਸਕੂਲ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਇਹ ਦੱਸਿਆ ਜਾਵੇ ਕਿ ਪਿਛਲੀ ਜਮਾਤ ਵਿੱਚ ਇਮਤਿਹਾਨ ਨਹੀਂ ਹੋਏ ਹਨ ਤਾਂ ਸਕੂਲ ਮੁੱਖੀਆਂ ਵੱਲੋਂ ਅਜਿਹੇ ਵਿਦਿਆਰਥੀਆਂ ਤੋਂ ਅੰਦਰੂਨੀ ਪ੍ਰੀਖਿਆ ਲੈ ਕੇ ਉਸ ਦੇ ਆਧਾਰ ਤੇ ਦਾਖਲਾ ਦੇ ਦਿੱਤਾ ਜਾਵੇ।

4.0 ਕਿਸੇ ਵੀ ਵਿਦਿਆਰਥੀ ਨੂੰ ਸਰਕਾਰੀ ਸਕੂਲ ਵਿੱਚ ਕਿਸੇ ਵੀ ਕਾਰਣ ਤੋਂ ਦਾਖਲੇ ਤੋਂ ਮਨ੍ਹਾਂ ਨਾ ਕੀਤਾ ਜਾਵੇ।

5.0 ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ, ਸਕੂਲ ਸਿਖਿਆ